# Punjab Government Gazette

## EXTRAORDINARY

***Published by Authority***

CHANDIGARH, FRIDAY, APRIL 17, 2026 (CHAITRA 27, 1948 SAKA)


**ਪੰਜਾਬ ਸਰਕਾਰ**

ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ

ਸਮਾਜਿਕ ਸੁਰੱਖਿਆ ਸ਼ਾਖਾ

**ਅਧਿਸੂਚਨਾ**

ਮਿਤੀ 2 ਅਪ੍ਰੈਲ, 2026

**ਨੰ:SSWCD-3/2/2026-6SS/E1074391/120.-** ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾਪੂਰਵਕ, ਪੰਜਾਬ ਰਾਜ ਦੀਆਂ ਮਹਿਲਾਵਾਂ ਲਈ "ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ" ਨੂੰ ਹੇਠ ਲਿਖੇ ਅਨੁਸਾਰ ਅਧਿਸੂਚਿਤ ਕਰਨ ਦੀ ਪ੍ਰਵਾਨਗੀ ਦਿੰਦੇ ਹਨ:-

1. **ਸੰਖੇਪ ਸਿਰਲੇਖ ਅਤੇ ਆਰੰਭ:** ਇਸ ਸਕੀਮ ਨੂੰ "ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ" ਕਿਹਾ ਜਾਵੇਗਾ। ਇਹ ਸਕੀਮ ਮਿਤੀ 02-04-2026 ਤੋਂ ਲਾਗੂ ਹੈ।

2. **ਲਾਗੂ ਹੋਣ ਦਾ ਦਾਇਰਾ**: ਇਹ ਸਕੀਮ ਪੂਰੇ ਪੰਜਾਬ ਰਾਜ ਵਿੱਚ ਲਾਗੂ ਹੋਵੇਗੀ।

3. **ਪਰਿਭਾਸ਼ਾਵਾਂ:** ਇਸ ਸਕੀਮ ਵਿੱਚ, ਜਦੋਂ ਤੱਕ ਪ੍ਰਸੰਗ ਤੋਂ ਕੋਈ ਹੋਰ ਅਰਥ ਨਾ ਨਿਕਲਦਾ ਹੋਵੇ:

   ੳ) "ਲਾਭਪਾਤਰੀ" ਦਾ ਅਰਥ ਹੈ ਇਸ ਸਕੀਮ ਅਧੀਨ ਵਿੱਤੀ ਸਹਾਇਤਾ ਪ੍ਰਾਪਤ ਕਰਨ ਵਾਲੀ ਇੱਕ ਯੋਗ ਔਰਤ।

   ਅ) "ਵਿਭਾਗ" ਦਾ ਅਰਥ ਹੈ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਸਰਕਾਰ।

   ੲ) "ਮੋਬਿਲਾਈਜ਼ਰ" (Mobiliser) ਦਾ ਅਰਥ ਹੈ ਵਿਭਾਗ ਵੱਲੋਂ ਸਕੀਮ ਦੀ ਪਹੁੰਚ, ਜਾਗਰੂਕਤਾ ਅਤੇ ਲਾਭਪਾਤਰੀਆਂ ਨੂੰ ਬੈਂਕ ਸਬੰਧੀ ਸਹਾਇਤਾ ਦੇ ਉਦੇਸ਼ ਲਈ ਨਾਮਜ਼ਦ ਕੀਤੀ ਗਈ ਔਰਤ।

   ਸ) "ਫੈਸਿਲੀਟੇਟਰ" (Facilitator) ਦਾ ਅਰਥ ਹੈ ਸਕੀਮ ਅਧੀਨ ਲਾਭਪਾਤਰੀਆਂ ਦੀ ਰਜਿਸਟ੍ਰੇਸ਼ਨ ਵਿੱਚ ਸਹਾਇਤਾ ਲਈ ਵਿਭਾਗ ਦੁਆਰਾ ਨਾਮਜ਼ਦ ਕੀਤਾ ਗਿਆ ਵਿਅਕਤੀ।

ਹ) "ਰਜਿਸਟ੍ਰੇਸ਼ਨ ਕੇਂਦਰ" ਦਾ ਅਰਥ ਹੈ ਇੱਕ ਨਿਰਧਾਰਤ ਸਥਾਨ, ਜਿਸ ਵਿੱਚ ਆਂਗਣਵਾੜੀ ਕੇਂਦਰ, ਸੇਵਾ ਕੇਂਦਰ ਜਾਂ ਉੱਚ ਪੱਧਰੀ ਲਾਗੂਕਰਨ ਕਮੇਟੀ (High Level Implementation Committee) ਦੁਆਰਾ ਨੋਟੀਫਾਈ ਕੀਤਾ ਗਿਆ ਕੋਈ ਹੋਰ ਕੇਂਦਰ, ਜੋ ਸਕੀਮ ਅਧੀਨ ਲਾਭਪਾਤਰੀਆਂ ਦੀ ਰਜਿਸਟ੍ਰੇਸ਼ਨ ਵਿੱਚ ਸਹਾਇਤਾ ਪ੍ਰਦਾਨ ਕਰੇਗਾ।

**4. ਸਕੀਮ ਦੇ ਉਦੇਸ਼:** ਇਸ ਸਕੀਮ ਦਾ ਉਦੇਸ਼ ਹੈ:

ੳ) ਰਾਜ ਭਰ ਵਿੱਚ ਔਰਤਾਂ ਦੀ ਵਿੱਤੀ ਸੁਰੱਖਿਆ ਅਤੇ ਸੁਤੰਤਰਤਾ ਨੂੰ ਮਜ਼ਬੂਤ ਕਰਨਾ।

ਅ) ਘਰੇਲੂ ਭਲਾਈ ਅਤੇ ਖਪਤ ਸਥਿਰਤਾ (consumption stability) ਵਿੱਚ ਸੁਧਾਰ ਕਰਨਾ।

ੲ) ਘਰੇਲੂ ਵਿੱਤੀ ਫੈਸਲੇ ਲੈਣ ਵਿੱਚ ਔਰਤਾਂ ਦੀ ਭਾਗੀਦਾਰੀ ਨੂੰ ਵਧਾਉਣਾ।

ਸ) ਕਮਜ਼ੋਰ ਪਰਿਵਾਰਾਂ ਨੂੰ (ਲੋੜਵੰਦ)ਨਿਸ਼ਚਿਤ ਵਿੱਤੀ ਸਹਾਇਤਾ ਪ੍ਰਦਾਨ ਕਰਨਾ।

ਹ) ਪੂਰੇ ਪੰਜਾਬ ਵਿੱਚ ਲਿੰਗ ਸਮਾਨਤਾ ਅਤੇ ਸਮਾਵੇਸ਼ੀ ਵਿਕਾਸ (inclusive development) ਨੂੰ ਉਤਸ਼ਾਹਿਤ ਕਰਨਾ।

**5.** ਵਿੱਤੀ ਸਹਾਇਤਾ: ਅਨੁਸੂਚਿਤ ਜਾਤੀ (Scheduled Caste) ਵਰਗ ਨਾਲ ਸਬੰਧਤ ਹਰੇਕ ਔਰਤ ਨੂੰ 1,500 ਰੁਪਏ ਪ੍ਰਤੀ ਮਹੀਨਾ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਬਾਕੀ ਸਾਰੀਆਂ ਔਰਤਾਂ ਨੂੰ 1,000 ਰੁਪਏ ਪ੍ਰਤੀ ਮਹੀਨਾ ਦਿੱਤੇ ਜਾਣਗੇ।

**6. ਯੋਗਤਾ:** ਸਾਰੀਆਂ ਯੋਗ ਲਾਭਪਾਤਰੀ ਔਰਤਾਂ ਦੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੋਣੀ ਚਾਹੀਦੀ ਹੈ ਅਤੇ ਉਹ ਪੰਜਾਬ ਰਾਜ ਦੀਆਂ ਰਜਿਸਟਰਡ ਵਸਨੀਕ ਵੋਟਰ ਹੋਣੀਆਂ ਚਾਹੀਦੀਆਂ ਹਨ, ਜਿਨ੍ਹਾਂ ਕੋਲ ਰਾਜ ਦਾ ਵੈਧ ਆਧਾਰ ਕਾਰਡ (valid Aadhar) ਅਤੇ ਵੋਟਰ ਆਈ.ਡੀ. ਹੋਵੇ। ਔਰਤਾਂ ਦੀਆਂ ਹੇਠ ਲਿਖੀਆਂ ਸ਼੍ਰੇਣੀਆਂ ਨੂੰ ਸਕੀਮ ਤੋਂ ਬਾਹਰ ਰੱਖਿਆ ਜਾਵੇਗਾ:

ੳ) ਪੰਜਾਬ ਸਰਕਾਰ ਜਾਂ ਕੇਂਦਰ ਸਰਕਾਰ ਜਾਂ ਦੇਸ਼ ਦੀ ਕਿਸੇ ਹੋਰ ਰਾਜ/ਕੇਂਦਰ ਸ਼ਾਸਤ ਪ੍ਰਦੇਸ਼ ਸਰਕਾਰ ਦੀ ਇੱਕ ਰੈਗੂਲਰ (ਪੱਕੀ) ਜਾਂ ਸੇਵਾਮੁਕਤ ਕਰਮਚਾਰੀ;

ਅ) ਰਾਜ ਸਰਕਾਰ ਜਾਂ ਕੇਂਦਰ ਸਰਕਾਰ ਦੇ ਅਧੀਨ ਸਥਾਪਤ ਕਿਸੇ ਵੀ ਪਬਲਿਕ ਸੈਕਟਰ ਅੰਡਰਟੇਕਿੰਗ, ਸੰਵਿਧਾਨਕ ਬੋਰਡ (Statutory Board), ਕਾਰਪੋਰੇਸ਼ਨ, ਕਮਿਸ਼ਨ, ਕਮੇਟੀ, ਡਾਇਰੈਕਟੋਰੇਟ, ਸਹਿਕਾਰੀ ਸੰਸਥਾ, ਜਾਂ ਟ੍ਰਿਬਿਊਨਲ ਤੋਂ ਪੈਨਸ਼ਨ ਪ੍ਰਾਪਤ ਕਰਨ ਲਈ ਯੋਗ ਅਤੇ ਪੈਨਸ਼ਨ ਲੈ ਰਹੀ ਰੈਗੂਲਰ ਜਾਂ ਸੇਵਾਮੁਕਤ ਕਰਮਚਾਰੀ;

ੲ) ਆਮਦਨ ਕਰ ਅਦਾ ਕਰਨ ਵਾਲੀ (Income tax payer), ਜਿਸਨੇ ਪਿਛਲੇ ਵਿੱਤੀ ਸਾਲ ਵਿੱਚ ਆਮਦਨ ਕਰ 1 ਰੁਪਏ ਜਾਂ ਇਸ ਤੋਂ ਵੱਧ ਦਾ ਕੀਤਾ ਹੋਵੇ।

ਸ) ਮੌਜੂਦਾ ਜਾਂ ਸਾਬਕਾ ਮੰਤਰੀ, ਸੰਸਦ ਮੈਂਬਰ (MP), ਜਾਂ ਵਿਧਾਨ ਸਭਾ ਮੈਂਬਰ (MLA);

ਹ) ਮੌਜੂਦਾ ਮੰਤਰੀ, ਸੰਸਦ ਮੈਂਬਰ (MP), ਜਾਂ ਵਿਧਾਨ ਸਭਾ ਮੈਂਬਰ (MLA) ਦਾ ਜੀਵਨ ਸਾਥੀ (Spouse)।

**ਸਪੱਸ਼ਟੀਕਰਨ:** ਇੱਕ ਪਰਿਵਾਰ ਵਿੱਚ ਸਕੀਮ ਅਧੀਨ ਲਾਭ ਲੈਣ ਵਾਲੀਆਂ ਯੋਗ ਔਰਤਾਂ ਦੀ ਗਿਣਤੀ ਤੇ ਕੋਈ ਪਾਬੰਦੀ ਨਹੀਂ ਹੋਵੇਗੀ। ਮੌਜੂਦਾ ਸਮਾਜਿਕ ਸੁਰੱਖਿਆ ਪੈਨਸ਼ਨਰਾਂ (Social security pensioners) ਨੂੰ ਵੀ ਉਨ੍ਹਾਂ ਨੂੰ ਪਹਿਲਾਂ ਤੋਂ ਮਿਲ ਰਹੀ ਸਮਾਜਿਕ ਸੁਰੱਖਿਆ ਪੈਨਸ਼ਨ ਦੇ ਨਾਲ-ਨਾਲ ਇਸ ਸਕੀਮ ਅਧੀਨ ਪੂਰੇ ਵਿੱਤੀ ਲਾਭ ਪ੍ਰਾਪਤ ਕਰਨ ਦਾ ਹੱਕ ਹੋਵੇਗਾ।

7. **ਭੁਗਤਾਨ ਦੀ ਬਾਰੰਬਾਰਤਾ (Frequency):** ਉੱਚ ਪੱਧਰੀ ਲਾਗੂਕਰਨ ਕਮੇਟੀ (High-Level Implementation Committee) ਦੁਆਰਾ ਸਮੇਂ ਸਮੇਂ-ਤੇ ਨਿਰਧਾਰਤ ਕੀਤੇ ਗਏ ਸ਼ਡਿਊਲ ਅਤੇ ਬਾਰੰਬਾਰਤਾ (Frequency) ਅਨੁਸਾਰ ਵਿੱਤੀ ਲਾਭ ਲਾਭਪਾਤਰੀਆਂ ਨੂੰ ਜਾਰੀ ਕੀਤੇ ਜਾਣਗੇ।

8. ਵਿੱਤੀ ਸਹਾਇਤਾ ਸਿੱਧੇ ਤੌਰ ਤੇ ਡਾਇਰੈਕਟ ਬੈਨੀਫਿਟ ਟ੍ਰਾਂਸਫਰ (DBT) ਰਾਹੀਂ ਲਾਭਪਾਤਰੀਆਂ ਦੇ ਆਧਾਰ-ਲਿੰਕਡ ਬੈਂਕ ਖਾਤਿਆਂ ਵਿੱਚ ਟ੍ਰਾਂਸਫਰ ਕੀਤੀ ਜਾਵੇਗੀ। ਭੁਗਤਾਨ ਦੇ ਤਰੀਕੇ ਵਿੱਚ ਕੋਈ ਵੀ ਤਬਦੀਲੀ ਜਾਂ ਸੋਧ, ਜੇਕਰ ਕੋਈ ਹੋਵੇ ਤਾਂ, ਮਾਨਯੋਗ ਮੁੱਖ ਮੰਤਰੀ ਦੀ ਪ੍ਰਵਾਨਗੀ ਨਾਲ ਕੀਤੀ ਜਾ ਸਕਦੀ ਹੈ।

9. **ਜ਼ੀਰੋ ਲਾਗਤ:** ਸਕੀਮ ਲਈ ਰਜਿਸਟ੍ਰੇਸ਼ਨ ਸਾਰੇ ਨਿਰਧਾਰਤ ਕੇਂਦਰਾਂ ਤੇ ਮੁਫ਼ਤ ਹੋਵੇਗੀ, ਅਤੇ ਕਿਸੇ ਵੀ ਲਾਭਪਾਤਰੀ ਤੋਂ ਕੋਈ ਫੀਸ ਨਹੀਂ ਲਈ ਜਾਵੇਗੀ।

10. **ਕੋਈ ਰਿਕਵਰੀ ਨਹੀਂ (No Recovery) :** ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਲਾਭਪਾਤਰੀ ਦੀ ਮੌਤ ਭੁਗਤਾਨ ਪ੍ਰਾਪਤ ਹੋਣ ਤੋਂ ਬਾਅਦ ਪਰ ਅਗਲੇ ਭੁਗਤਾਨ ਤੋਂ ਪਹਿਲਾਂ ਹੋ ਜਾਂਦੀ ਹੈ, ਤਾਂ ਲਾਭਪਾਤਰੀ ਦੇ ਪਰਿਵਾਰ ਤੋਂ ਕੋਈ ਰਿਕਵਰੀ ਨਹੀਂ ਕੀਤੀ ਜਾਵੇਗੀ। ਹਾਲਾਂਕਿ, ਵਿਭਾਗ ਇਹ ਯਕੀਨੀ ਬਣਾਉਣ ਲਈ ਲੋੜੀਂਦੇ ਉਪਾਅ ਕਰੇਗਾ ਕਿ ਅਗਲਾ ਭੁਗਤਾਨ ਜਾਰੀ ਨਾ ਹੋਵੇ।

ੳ) ਇੱਕ ਉੱਚ ਪੱਧਰੀ ਲਾਗੂਕਰਨ ਕਮੇਟੀ ਦਾ ਗਠਨ ਮੁੱਖ ਸਕੱਤਰ (Chief Secretary) ਦੀ ਪ੍ਰਧਾਨਗੀ ਹੇਠ ਕੀਤਾ ਗਿਆ ਹੈ, ਜਿਸ ਨੂੰ ਸਕੀਮ ਦੇ ਲਾਗੂਕਰਨ ਦੀ ਰੂਪ-ਰੇਖਾ ਨੂੰ ਅੰਤਿਮ ਰੂਪ ਦੇਣ ਅਤੇ ਸਕੀਮ ਦੇ ਸੁਚਾਰੂ ਸੰਚਾਲਨ ਲਈ ਸਾਰੇ ਲੋੜੀਂਦੇ ਵਿੱਤੀ ਜਾਂ ਹੋਰ ਫੈਸਲੇ ਲੈਣ ਦਾ ਅਧਿਕਾਰ ਦਿੱਤਾ ਗਿਆ ਹੈ। ਕਮੇਟੀ ਵਿੱਚ ਹੇਠ ਲਿਖੇ ਅਧਿਕਾਰੀ ਮੈਂਬਰ ਹੋਣਗੇ। ਮਾਨਯੋਗ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਜਾਂ ਉਨ੍ਹਾਂ ਦੇ ਵੱਲੋਂ ਨਾਮਜ਼ਦ – ਮੈਂਬਰ।

ਅ) ਪ੍ਰਬੰਧਕੀ ਸਕੱਤਰ, ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ – ਮੈਂਬਰ।

ੲ) ਪ੍ਰਬੰਧਕੀ ਸਕੱਤਰ, ਵਿੱਤ ਵਿਭਾਗ – ਮੈਂਬਰ।

ਸ) ਪ੍ਰਬੰਧਕੀ ਸਕੱਤਰ, ਸੁਸ਼ਾਸ (Good Governance) ਅਤੇ ਸੂਚਨਾ ਤਕਨਾਲੋਜੀ ਵਿਭਾਗ – ਮੈਂਬਰ।

ਹ) ਮੈਂਬਰ, ਪੰਜਾਬ ਵਿਕਾਸ ਕਮਿਸ਼ਨ (PDC) – ਮੈਂਬਰ।

ਕ) ਡਾਇਰੈਕਟਰ, ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ – ਮੈਂਬਰ ਸਕੱਤਰ।

ਖ) ਕੋਈ ਵੀ ਹੋਰ ਅਧਿਕਾਰੀ ਜਾਂ ਮਾਹਰ ਜਿਸਨੂੰ ਕਮੇਟੀ ਸਮੇਂ-ਸਮੇਂ ਤੇ ਉਚਿਤ ਸਮਝੇ।

**11. ਭੂਮਿਕਾ ਅਤੇ ਜ਼ਿੰਮੇਵਾਰੀ:**

ੳ) **ਰਾਜ ਪੱਧਰ:** ਇਹ ਸਕੀਮ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਸਰਕਾਰ ਦੁਆਰਾ ਲਾਗੂ ਕੀਤੀ ਜਾਵੇਗੀ। ਸੁਸ਼ਾਸਨ (Good Governance) ਅਤੇ ਸੂਚਨਾ ਤਕਨਾਲੋਜੀ ਵਿਭਾਗ ਸਾਰੀ ਲੋੜੀਂਦੀ ਤਕਨੀਕੀ ਸਹਾਇਤਾ ਪ੍ਰਦਾਨ ਕਰੇਗਾ, ਜਿਸ ਵਿੱਚ ਮੋਬਾਈਲ ਐਪਲੀਕੇਸ਼ਨ ਵਿਕਸਿਤ ਕਰਨਾ, MIS ਜਾਂ ਡੈਸ਼ਬੋਰਡ ਤਿਆਰ ਕਰਨਾ, ਹੋਸਟਿੰਗ ਸਰਵਰ, ਵੱਖ-ਵੱਖ ਪੋਰਟਲਾਂ ਅਤੇ ਅਥਾਰਟੀਆਂ ਦੇ ਡੇਟਾਬੇਸ ਨਾਲ ਏਕੀਕਰਣ (integration), ਵਟਸਐਪ, ਐਸ.ਐਮ.ਐਸ. (SMS) ਜਾਂ ਅਜਿਹੇ ਕਿਸੇ ਵੀ ਸੰਚਾਰ ਸਾਧਨ, ਡੇਟਾ ਐਨਾਲਿਟਿਕਸ ਅਤੇ ਰਿਪੋਰਟ ਤਿਆਰ ਕਰਨਾ ਸ਼ਾਮਲ ਹੈ।

ਅ) **ਜ਼ਿਲ੍ਹਾ ਪੱਧਰ:** ਜ਼ਿਲ੍ਹਾ ਪੱਧਰ ਤੇ ਡਿਪਟੀ ਕਮਿਸ਼ਨਰ ਸਕੀਮ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ ਜ਼ਿੰਮੇਵਾਰ ਹੋਣਗੇ ਅਤੇ ਸ਼ਿਕਾਇਤਾਂ ਦੇ ਨਿਵਾਰਨ ਨੂੰ ਵੀ ਯਕੀਨੀ ਬਣਾਉਣਗੇ।

**12. ਲੋੜੀਂਦੇ ਦਸਤਾਵੇਜ਼:** ਸਕੀਮ ਅਧੀਨ ਲਾਭ ਲੈਣ ਲਈ ਹੇਠ ਲਿਖੇ ਦਸਤਾਵੇਜ਼ਾਂ ਦੀ ਲੋੜ ਹੋਵੇਗੀ:

ੳ) ਆਧਾਰ ਕਾਰਡ, ਜੋ ਪੰਜਾਬ ਦੀ ਰਿਹਾਇਸ਼ ਨੂੰ ਦਰਸਾਉਂਦਾ ਹੋਵੇ।

ਅ) ਭਾਰਤੀ ਚੋਣ ਕਮਿਸ਼ਨ ਦੁਆਰਾ ਜਾਰੀ ਪੰਜਾਬ ਰਾਜ ਦਾ ਵੋਟਰ ਆਈਕਾਰਡ .ਡੀ.।

ੲ) ਬੈਂਕ ਖਾਤੇ ਦੀ ਪਾਸਬੁੱਕ।

ਸ) ਜਾਤੀ ਸਰਟੀਫਿਕੇਟ, ਜਿੱਥੇ ਲਾਗੂ ਹੋਵੇ।

ਸਕੀਮ ਅਧੀਨ ਲਾਭ ਪ੍ਰਾਪਤ ਕਰਨ ਦੀ ਸ਼ਰਤ ਵਜੋਂ, ਲਾਭਪਾਤਰੀ ਲਈ ਆਧਾਰ (Targeted Delivery of Financial and Other Subsidies)ਐਕਟ, 2016 ਦੀ ਧਾਰਾ 7 ਦੇ ਅਨੁਸਾਰ ਆਧਾਰ ਪ੍ਰਮਾਣਿਕਤਾ (authentication) ਕਰਵਾਉਣੀ ਹੋਵੇਗੀ ਜਾਂ ਆਧਾਰ ਨੰਬਰ ਹੋਣ ਦਾ ਸਬੂਤ ਪੇਸ਼ ਕਰਨਾ ਲਾਜ਼ਮੀ ਹੋਵੇਗਾ।

**13. ਰਜਿਸਟ੍ਰੇਸ਼ਨ:** ਆਂਗਣਵਾੜੀ ਕੇਂਦਰ ਅਤੇ ਸੇਵਾ ਕੇਂਦਰ ਇਸ ਸਕੀਮ ਦੀ ਰਜਿਸਟ੍ਰੇਸ਼ਨ ਲਈ ਮੁੱਖ ਕੇਂਦਰ ਹੋਣਗੇ। ਉੱਚ ਪੱਧਰੀ ਲਾਗੂਕਰਨ ਕਮੇਟੀ ਯੋਗ ਲਾਭਪਾਤਰੀਆਂ ਦੀ ਰਜਿਸਟ੍ਰੇਸ਼ਨ ਦੀ ਸਹੂਲਤ ਲਈ ਰਜਿਸਟ੍ਰੇਸ਼ਨ ਪ੍ਰਕਿਰਿਆ, ਫਾਰਮਾਂ ਦੇ ਡਿਜ਼ਾਈਨ ਜਾਂ ਕਿਸੇ ਹੋਰ ਸੰਬੰਧਿਤ ਦਿਸ਼ਾ-ਨਿਰਦੇਸ਼ਾਂ ਨੂੰ ਨਿਰਧਾਰਤ ਕਰੇਗੀ। ਉੱਚ ਪੱਧਰੀ ਕਮੇਟੀ ਹੋਰ ਰਜਿਸਟ੍ਰੇਸ਼ਨ ਕੇਂਦਰ ਵੀ ਨਿਰਧਾਰਤ ਕਰ ਸਕਦੀ ਹੈ ਜਾਂ ਮੌਜੂਦਾ ਕੇਂਦਰਾਂ ਵਿੱਚ ਸੋਧ ਕਰ ਸਕਦੀ ਹੈ। ਸਕੀਮ ਲਈ ਰਜਿਸਟ੍ਰੇਸ਼ਨ ਸਾਰੇ ਨਿਰਧਾਰਤ ਕੇਂਦਰਾਂ ਤੇ ਮੁਫ਼ਤ ਹੋਵੇਗੀ ਅਤੇ ਕਿਸੇ ਵੀ ਨਾਗਰਿਕ ਤੋਂ ਕੋਈ ਫੀਸ ਨਹੀਂ ਲਈ ਜਾਵੇਗੀ।

**14. ਸੁਰੱਖਿਆ ਉਪਾਅ (Safeguards):** ਉੱਚ ਪੱਧਰੀ ਲਾਗੂਕਰਨ ਕਮੇਟੀ ਆਧਾਰ ਏਕੀਕਰਣ (Aadhaar integration), ਧੋਖਾਧੜੀ ਦੀ ਜਾਂਚ, ਡੁਪਲੀਕੇਟ ਰੋਕਣ ਦੇ ਉਪਾਅ, ਲੈਣ-ਦੇਣ ਦੀ ਅਸਫਲਤਾ ਨੂੰ ਘੱਟ ਕਰਨ, ਸ਼ਿਕਾਇਤ ਨਿਵਾਰਨ ਪ੍ਰਕਿਰਿਆ ਅਤੇ ਲਾਭਪਾਤਰੀਆਂ ਨਾਲ ਨਿਯਮਤ ਸੰਪਰਕ ਲਈ ਲੋੜੀਂਦੇ ਸਿਸਟਮ ਅਤੇ ਪ੍ਰਕਿਰਿਆਵਾਂ ਸਥਾਪਤ ਕਰੇਗੀ।

**15. ਲਾਭਪਾਤਰੀ ਲਾਮਬੰਦੀ (Mobilisation) ਅਤੇ ਰਜਿਸਟ੍ਰੇਸ਼ਨ:** ਰਾਜ ਭਰ ਵਿੱਚ ਯੋਗ ਲਾਭਪਾਤਰੀਆਂ ਤੱਕ ਪ੍ਰਭਾਵਸ਼ਾਲੀ ਪਹੁੰਚ ਅਤੇ ਉਨ੍ਹਾਂ ਦੀ ਰਜਿਸਟ੍ਰੇਸ਼ਨ ਨੂੰ ਯਕੀਨੀ ਬਣਾਉਣ ਲਈ, ਸਰਕਾਰ ਮਹਿਲਾ ਮੋਬਿਲਾਈਜ਼ਰਾਂ ਦਾ ਇੱਕ ਨੈਟਵਰਕ ਤਾਇਨਾਤ ਕਰ ਸਕਦੀ ਹੈ, ਜੋ ਕਿ ਸਥਾਨਕ ਪੱਧਰ ਤੇ ਜਾਗਰੂਕਤਾ ਮੁਹਿੰਮਾਂ ਚਲਾਉਣਗੇ ਅਤੇ ਯੋਗ ਲਾਭਪਾਤਰੀਆਂ ਨੂੰ ਬੈਂਕ ਖਾਤੇ ਖੋਲ੍ਹਣ, ਬੰਦ ਪਏ ਬੈਂਕ ਖਾਤਿਆਂ ਨੂੰ ਚਾਲੂ ਕਰਵਾਉਣ, ਆਧਾਰ ਸੀਡਿੰਗ ਜਾਂ ਕਿਸੇ ਹੋਰ ਦਸਤਾਵੇਜ਼ੀ ਸਹਾਇਤਾ ਵਿੱਚ ਮਦਦ ਕਰਨਗੇ। ਇਸੇ ਤਰ੍ਹਾਂ, ਸਰਕਾਰ ਸਕੀਮ ਰਜਿਸਟ੍ਰੇਸ਼ਨ ਵਿੱਚ ਸਹਾਇਤਾ ਲਈ ਫੈਸਿਲੀਟੇਟਰਾਂ ਦਾ ਇੱਕ ਨੈਟਵਰਕ ਵੀ ਤਾਇਨਾਤ ਕਰ ਸਕਦੀ ਹੈ। ਇਹ ਮੋਬਿਲਾਈਜ਼ਰ ਅਤੇ ਫੈਸਿਲੀਟੇਟਰ ਸਕੀਮ ਨੂੰ ਆਖਰੀ ਵਿਅਕਤੀ ਤੱਕ ਪਹੁੰਚਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ, ਖਾਸ ਕਰਕੇ ਪੇਂਡੂ ਅਤੇ ਪਛੜੇ ਇਲਾਕਿਆਂ ਵਿੱਚ, ਤਾਂ ਜੋ ਯੋਗ ਔਰਤਾਂ ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਪੂਰਾ ਕਰ ਸਕਣ। ਉੱਚ ਪੱਧਰੀ ਲਾਗੂਕਰਨ ਕਮੇਟੀ ਇਨ੍ਹਾਂ ਫੈਸਿਲੀਟੇਟਰਾਂ ਅਤੇ ਮੋਬਿਲਾਈਜ਼ਰਾਂ ਦੀਆਂ ਭੂਮਿਕਾਵਾਂ, ਜ਼ਿੰਮੇਵਾਰੀਆਂ ਅਤੇ ਵਿੱਤੀ ਪ੍ਰੋਤਸਾਹਨ (incentive) ਦੇ ਢਾਂਚੇ ਬਾਰੇ ਵਿਸਤ੍ਰਿਤ ਨਿਰਦੇਸ਼ ਜਾਰੀ ਕਰੇਗੀ।

**16. ਬਜਟ:** ਸਰਕਾਰ ਸਕੀਮ ਨੂੰ ਲਾਗੂ ਕਰਨ ਲਈ ਸਾਲਾਨਾ ਬਜਟ ਅਲਾਟ ਕਰੇਗੀ।

**17. ਵਿੱਤੀ ਸਹਾਇਤਾ ਬੰਦ ਕਰਨਾ:** ਸਕੀਮ ਅਧੀਨ ਵਿੱਤੀ ਸਹਾਇਤਾ ਤੁਰੰਤ ਬੰਦ ਕਰ ਦਿੱਤੀ ਜਾਵੇਗੀ ਜੇਕਰ ਹੇਠ ਲਿਖੀਆਂ ਸ਼ਰਤਾਂ ਵਿੱਚੋਂ ਕੋਈ ਵੀ ਪੂਰੀ ਹੁੰਦੀ ਹੈ:

ੳ) ਜੇਕਰ ਕੋਈ ਲਾਭਪਾਤਰੀ, ਕਿਸੇ ਵੀ ਪੜਾਅ ਤੇ, ਸਕੀਮ ਅਧੀਨ ਅਯੋਗ ਪਾਇਆ ਜਾਂਦਾ ਹੈ।

ਅ) ਲਾਭਪਾਤਰੀ ਦੀ ਮੌਤ ਹੋਣ ਤੇ। ਹਾਲਾਂਕਿ, ਮ੍ਰਿਤਕ ਲਾਭਪਾਤਰੀ ਨੂੰ ਅਗਾਊਂ (advance) ਦਿੱਤੀ ਗਈ ਕੋਈ ਵੀ ਵਿੱਤੀ ਸਹਾਇਤਾ ਵਾਪਸ ਨਹੀਂ ਲਈ ਜਾਵੇਗੀ ਅਤੇ ਇਹ ਮੰਨਿਆ ਜਾਵੇਗਾ ਕਿ ਪਰਿਵਾਰ ਨੇ ਉਸ ਪੈਸੇ ਦੀ ਵਰਤੋਂ ਮ੍ਰਿਤਕ ਦੀਆਂ ਅੰਤਿਮ ਰਸਮਾਂ ਨਿਭਾਉਣ ਲਈ ਕੀਤੀ ਹੈ। ਫਿਰ ਵੀ, ਵਿਭਾਗ ਇਹ ਯਕੀਨੀ ਬਣਾਉਣ ਲਈ ਸਾਰੇ ਲੋੜੀਂਦੇ ਕਦਮ ਚੁੱਕੇਗਾ ਕਿ ਅਗਲੀ ਵਿੱਤੀ ਸਹਾਇਤਾ ਤੁਰੰਤ ਰੋਕ ਦਿੱਤੀ ਜਾਵੇ।

**18. ਦਿਸ਼ਾ:ਨਿਰਦੇਸ਼ ਜਾਰੀ ਕਰਨ ਦੀ ਸ਼ਕਤੀ-** ਉੱਚ ਪੱਧਰੀ ਲਾਗੂਕਰਨ ਕਮੇਟੀ ਨੂੰ ਸਕੀਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਕਾਰਜਕਾਰੀ ਦਿਸ਼ਾ-ਨਿਰਦੇਸ਼, ਵਿੱਤੀ ਪ੍ਰੋਤਸਾਹਨ ਅਤੇ ਪ੍ਰਸ਼ਾਸਨਿਕ ਨਿਰਦੇਸ਼ ਜਾਰੀ ਕਰਨ ਦਾ ਅਧਿਕਾਰ ਹੈ।

**ਗੁਰਕਿਰਤ ਕਿਰਪਾਲ ਸਿੰਘ, ਆਈ.ਏ.ਐਸ**
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ,
ਸਮਾਜਿਕ ਸੁਰੱਖਿਆ ਅਤੇ ਇਸਤਰੀ
ਤੇ ਬਾਲ ਵਿਕਾਸ ਵਿਭਾਗ, ਪੰਜਾਬ।

*3694/4-2026/Pb. Govt. Press, S.A.S. Nagar*